# ਸਰਕਾਰੀ ਕਾਲਜ ਜ਼ੀਰਾ

# GOVT. COLLEGE ZIRA

## DISTT. FEROZEPUR

WILL TO LEARN
GOVERNMENT COLLEGE ZIRA






Ph.: 01682-250665
E-mail : gcz.fzr@gmail.com
Website : gczira.org

# Prospectus

Session 2018-2019



ਪਿਆਰੇ ਵਿਦਿਆਰਥੀਓ,

ਅਜੋਕੀ ਟੈਕਨੋਲੋਜੀ ਨੇ ਦੁਨੀਆਂ ਭਰ ਦੀ ਮਨੁੱਖਤਾ ਵਿੱਚ ਸਰਬ ਸਾਂਝੀਵਾਲਤਾ ਦੇ ਭਾਵ ਪੈਦਾ ਕੀਤੇ ਹਨ । ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਵਾਪਰ ਰਹੇ ਸਮਾਚਾਰ ਲਈ ਅਸੀਂ ਮਿੰਟਾਂ ਸਕਿੰਟਾਂ ਵਿੱਚ ਆਪਣੇ ਆਪ ਨੂੰ ਸ਼ਾਮਲ ਕਰ ਰਹੇ ਹਾਂ। ਹੁਣ ਮਨੁੱਖ ਚੰਨ ਅਤੇ ਮੰਗਲ ਉੱਤੇ ਆਪਣੇ ਝੰਡੇ ਬੁਲੰਦ ਕਰਨ ਦੇ ਰਾਹ ਤੇ ਤੁਰਿਆ ਹੈ । ਮਨੁੱਖ ਦੀਆਂ ਤਰੱਕੀਆਂ ਸਿਖਰਾਂ ਤੇ ਪਹੁੰਚੀਆਂ ਹਨ। ਇਹ ਸਭ ਕੁੱਝ ਹੋਣ ਦੇ ਬਾਵਜੂਦ ਅਸੀਂ ਹਾਲੇ ਆਪਣੀਆਂ ਮਨੁੱਖੀ ਨੈਤਿਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣਾ ਹੈ । ਸਮੇਂ ਦੇ ਸੱਚ ਨੂੰ ਪਛਾਣਦਿਆਂ ਹੋਇਆਂ ਹੱਕ ਅਤੇ ਸੱਚ ਲਈ ਪਹਿਰਾ ਦੇਣਾ ਹੈ । ਆਪਣੇ ਫਰਜਾਂ ਪ੍ਰਤੀ ਸੁਚੇਤ ਹੋਣਾ ਹੈ । ਅੱਜ ਦੀ ਨੌਜਵਾਨ ਪੀੜ੍ਹੀ ਦੇ ਹਿੱਸੇ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ। ਕਾਲਜ ਵਿੱਚ ਪੜ੍ਹਦੇ ਵਿਦਿਆਰਥੀਆਂ ਵਿਚ ਅਜਿਹੇ ਅਹਿਸਾਸ ਪੈਦਾ ਕਰਵਾਉਣ ਦੀ ਸਾਡੀ ਜ਼ਿੰਮੇਵਾਰੀ ਹੈ ਕਿ ਉਹਨਾਂ ਅੰਦਰ ਨਵਾਂ ਨਰੋਆ ਸਮਾਜ ਸਿਰਜਣ ਦੀ ਅਥਾਹ ਸ਼ਕਤੀ ਹੈ ।

ਸਰਕਾਰੀ ਕਾਲਜ ਜ਼ੀਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸੰਬੰਧਿਤ ਇੱਕ ਸਹਿ-ਵਿੱਦਿਅਕ ਸੰਸਥਾ ਹੈ। ਜਿਸਦਾ ਉਦਘਾਟਨ ਮਾਨਯੋਗ ਰਾਜਪਾਲ ਡਾ. ਡੀ.ਸੀ. ਪਾਵਟੇ ਜੀ ਨੇ 31 ਜੁਲਾਈ 1971 ਨੂੰ ਕੀਤਾ ਸੀ । ਸਰਕਾਰੀ ਕਾਲਜ ਜ਼ੀਰਾ ਦੀ ਹੋਂਦ ਸ਼ਹਿਰ ਦੇ ਇੱਕ ਮਹਾਨ ਪਰਉਪਕਾਰੀ ਤੇ ਵਿੱਦਿਆ ਦਾਨੀ ਸ਼ਖਸੀਅਤ ਲਾਲਾ ਜੀਵਨ ਮੱਲ ਅਗਰਵਾਲ ਜੀ ਦੇ ਯੋਗਦਾਨ ਨਾਲ ਹੋਈ, ਜਿੰਨ੍ਹਾਂ ਨੇ ਕਾਲਜ ਦੀ ਸਥਾਪਨਾ ਲਈ 32 ਏਕੜ ਜ਼ਮੀਨ ਦਾਨ ਦਿੱਤੀ । ਇਸ ਸੰਸਥਾ ਵਿੱਚ ਪੜ੍ਹੇ ਵਿਦਿਆਰਥੀਆਂ ਨੇ ਆਈ.ਏ.ਐਸ., ਪੀ.ਸੀ.ਐਸ., ਪ੍ਰਸ਼ਾਸਨਿਕ ਅਧਿਕਾਰੀ ਅਤੇ ਹੋਰ ਵੱਖ ਵੱਖ ਖੇਤਰਾਂ ਵਿੱਚ ਉੱਚੇ ਅਹੁਦੇ ਤੇ ਤੈਨਾਤ ਹੋ ਕੇ ਇਸ ਕਾਲਜ ਦੇ ਨਾਂ ਨੂੰ ਰੌਸ਼ਨ ਕੀਤਾ ਹੈ ।

ਵਿੱਦਿਅਕ ਖੇਤਰ ਦੇ ਨਾਲ ਨਾਲ ਇਸ ਕਾਲਜ ਵਿੱਚ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ । ਸੋ ਪਿਆਰੇ ਵਿਦਿਆਰਥੀਓ, ਤੁਸੀਂ ਵੀ ਇਸ ਕਾਲਜ ਵਿੱਚ ਪੜ੍ਹ ਕੇ ਉੱਚੀਆਂ ਪ੍ਰਾਪਤੀਆਂ ਲਈ ਮਿਹਨਤ ਕਰੋ ਤਾਂ ਕਿ ਆਪਣੇ ਅਧਿਆਪਕਾਂ ਦੀ ਸਰਪ੍ਰਸਤੀ ਵਿੱਚ ਉਚੇਰੀਆਂ ਮੰਜ਼ਿਲਾਂ ਤੇ ਪਹੁੰਚ ਸਕੋ । ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਸਮਾਜ ਨੂੰ ਉਹ ਕੁੱਝ ਦੇਣਾ ਹੈ ਜਿਸ ਨਾਲ ਮਨੁੱਖੀ ਹਿਰਦਿਆਂ ਨੂੰ ਠੰਡਕ ਪਹੁੰਚੇ । ਮੈਂ ਅਜਿਹੇ ਭਵਿੱਖ ਦੇ ਸਮਾਜ ਸਿਰਜਕਾਂ ਨੂੰ ਕਾਲਜ ਆਉਣ ਤੇ ਜੀ ਆਇਆਂ ਆਖਦੀ ਹਾਂ ।

ਸ਼ੁੱਭ ਕਾਮਨਾਵਾਂ ਸਹਿਤ

**ਡਾ. ਸ਼੍ਰੀਮਤੀ ਮੰਜੂ ਸਾਹਨੀ**

ਪ੍ਰਿੰਸੀਪਲ,

ਸਰਕਾਰੀ ਕਾਲਜ ਜ਼ੀਰਾ

**Annexure - B**

Academic calendar (tentative) for session 2018-19 for the Panjab University affiliated Colleges with under Graduate & Post Graduate Courses having semester system of examination:-

| | | | | |
|---|---|---|---|---|
| **Summer Vacation** | 02-06-18<br>Saturday | to | 08-07-18<br>Sunday | (37 days) |
| Colleges open on and normal Admission for ongoing classes | 09-07-18<br>Monday | | | |
| **Admission Schedule**<br>Normal admission for ongoing and new Classes (except for those) classes in which admission is through PU-CET U.G. & P.G. | 09-07-18<br>Monday | to | 24-07-18<br>Tuesday | (16 days) |
| Late Admission to be allowed by the Principal of the College with late fee of Rs. 600/- per student | 25-07-18<br>Wednesday | to | 13-08-18<br>Friday | (18 days) |
| **Commencement of Teaching**<br>For ongoing Classes | 24-07-18<br>Tuesday | | | |
| Late admission in Panjab University, affiliated Colleges to be allowed by the Vice-Chancellor with the fee of Rs. 2250/- | 14-08-18<br>Tuesday | to | 31-08-18<br>Friday | (18 days) |

**Or any Revision of Late admission fees by the Syndicate / Senate**

| | | | | |
|---|---|---|---|---|
| Academic Term - I Old Semesters | 24-07-18<br>Tuesday | to | 03-12-18<br>Monday | (101 Teaching days) |

**Total Teaching Days Of Academic Term 1 = 101 days**

| | | | | |
|---|---|---|---|---|
| End Semester Examinations | 04-12-18<br>Tuesday | to | 24-12-18<br>Monday | (17 days) |
| Semester Vacation (Winter Break) | 25-12-18<br>Tuesday | to | 13-01-19<br>Sunday | (20 days) |
| Academic Term-II Even Semester University reopens after Semester Examination | 14-01-19<br>Saturday | to | 03-05-19<br>Friday | (88 Teaching Days) |

**Total Teaching Days Of Academic Term II = 88 Days**

| | | | | |
|---|---|---|---|---|
| End Semester Examinations | 04-05-19<br>Saturday | to | 30-05-19<br>Thursday | (21 days) |
| Summer Vacation (tentative) | 31-05-19<br>Friday | to | 07-07-19<br>Sunday | (38 days) |

**Total Teaching days of academic term I & II-101+88=189 days**

## ਦਾਖਲੇ ਦਾ ਮਿਤੀ-ਬੱਧ ਪ੍ਰੋਗਰਾਮ

**ਬੀ.ਏ. ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ ਲਈ ਅਤੇ ਬੀ.ਕਾਮ ਸਮੈਸਟਰ ਪਹਿਲਾ ਲਈ ਕਾਲਜ ਮਿਤੀ 09-07-2018 ਤੋਂ ਆਮ ਦਾਖਲੇ ਲਈ ਖੁੱਲੇਗਾ।**

| | |
|---|---|
| * ਆਮ ਦਾਖਲਾ | 09-07-2018 ਤੋਂ 24-7-2018 (16 ਦਿਨ) |
| * ਲੇਟ ਫੀਸ ਨਾਲ ਦਾਖਲਾ (ਪ੍ਰਿੰਸੀਪਲ ਦੀ ਆਗਿਆ ਸਮੇਤ 600/- ਰੁ: ਲੇਟ ਫੀਸ) | 25-7-2018 ਤੋਂ 13-08-18 (18 ਦਿਨ) |
| * ਲੇਟ ਦਾਖਲਾ ਵਾਈਸ ਚਾਂਸਲਰ ਦੀ ਇਜ਼ਾਜਤ ਦੇ ਨਾਲ (2250/- ਲੇਟ ਫੀਸ ਨਾਲ | 14-08-2018 ਤੋਂ 31-08-2018 (18 ਦਿਨ) |

## ਕਾਲਜ ਕੈਲੰਡਰ

| | |
|---|---|
| * ਪੜਾਈ ਦਾ ਪਹਿਲਾ ਪੜ੍ਹਾਅ | 24-07-2018 ਤੋਂ 03-12-2018 (101 ਦਿਨ) |
| * ਫਸਟ ਸਮੈਸਟਰ ਦੇ ਇਮਤਿਹਾਨਾਂ ਦੀਆਂ ਮਿਤੀਆਂ | 04-12-2018 ਤੋਂ 24-12-2018 ਤੱਕ |
| * ਸਰਦੀਆਂ ਦੀਆਂ ਛੁੱਟੀਆਂ | 25-12-2018 ਤੋਂ 13-01-2019 ਤੱਕ |
| * ਪੜ੍ਹਾਈ ਦਾ ਦੂਜਾ ਪੜਾਅ | 14-01-2019 ਤੋਂ 03-05-2019 ਤੱਕ |
| ਸਮੈਸਟਰ ਪ੍ਰੀਖਿਆਵਾਂ | 04-05-2019 ਤੋਂ 30-05-2019 ਤੱਕ |
| ਗਰਮੀਆਂ ਦੀਆਂ ਛੁੱਟੀਆਂ | 31-05-2019 ਤੋਂ 07-07-2019 ਤੱਕ |
| ਕੁੱਲ ਵਿਦਿਅਕ ਦਿਨ ਪਹਿਲੀ ਅਤੇ ਦੂਸਰੀ ਟਰਮ | 101+88 = 189 ਦਿਨ |

## ਪ੍ਰਿੰਸੀਪਲ
# ਡਾ. ਸ਼੍ਰੀਮਤੀ ਮੰਜੂ ਸਾਹਨੀ

## ਅਧਿਆਪਨ-ਸਟਾਫ

- **ਅੰਗਰੇਜ਼ੀ ਵਿਭਾਗ**
  1. (ਸ਼੍ਰੀਮਤੀ) ਸ਼ਾਲਿਨੀ ਭੰਡਾਰੀ)
- **ਸਰੀਰਕ ਸਿੱਖਿਆ ਵਿਭਾਗ**
  ** 1.ਸ੍ਰੀ ਸੁਰਿੰਦਰਪਾਲ ਸਿੰਘ
- **ਪੰਜਾਬੀ ਵਿਭਾਗ**
  * 1. ਸ੍ਰੀ ਪਵਿੱਤਰ ਸਿੰਘ
  * 2. ਸ੍ਰੀ ਕੁਲਵੰਤ ਸਿੰਘ
  3. ਖਾਲੀ
- **ਭੁਗੋਲ ਵਿਭਾਗ**
  *1. ਸ੍ਰੀ ਵੇਦ ਪ੍ਰਕਾਸ਼
- **ਰਾਜਨੀਤੀ ਸ਼ਾਸਤਰ ਵਿਭਾਗ**
  * 1. ਸ੍ਰੀ ਸਤਵਿੰਦਰਪਾਲ ਸਿੰਘ ਗਿੱਲ
- **ਇਤਿਹਾਸ ਵਿਭਾਗ**
  * 1. ਸ੍ਰੀ ਗੁਰਵਿੰਦਰ ਸਿੰਘ ਸੰਧੂ
- **ਹਿੰਦੀ ਵਿਭਾਗ**
  * 1. ਪੂਜਾ
- **ਅਰਥ ਸ਼ਾਸਤਰ ਵਿਭਾਗ**
  * 1. ਪੂਨਮ ਬਾਲਾ
- **ਕੰਪਿਊਟਰ ਸਾਇੰਸ ਵਿਭਾਗ**
  * 1. ਸ੍ਰੀ ਜਸ਼ਨਪ੍ਰੀਤ ਸਿੰਘ

**ਇਸ ਜਗ੍ਹਾ ਤੇ ਪਾਰਟ ਟਾਈਮ ਲੈਕਚਰਾਰ ਕੰਮ ਕਰ ਰਹੇ ਹਨ ।

*ਇਹਨਾਂ ਥਾਵਾਂ ਤੇ ਗੈਸਟ ਫੈਕਲਟੀ ਲੈਕਚਰਾਰ ਕੰਮ ਕਰ ਰਹੇ ਹਨ ।

## ਗੈਰ-ਅਧਿਆਪਨ-ਸਟਾਫ

### ਦਫ਼ਤਰੀ ਅਮਲਾ (ਆਫ਼ਿਸ ਸਟਾਫ)

1. ਸੁਪਰਡੈਂਟ (ਖਾਲੀ)
2. ਸ: ਲਖਵਿੰਦਰ ਸਿੰਘ ਗਿੱਲ (ਸਟੈਨੋ-ਟਾਈਪਿਸਟ)

1. ਸੁਖਜੀਤ ਕੌਰ ਕਲਰਕ
2. ਸ੍ਰੀ ਰੋਹਿਤ ਕੁਮਾਰ ਕਲਰਕ
3. ਕਲਰਕ (ਖਾਲੀ)

1. ਲਾਇਬ੍ਰੇਰੀਅਨ (ਖਾਲੀ)
2. ਸ੍ਰੀ ਹਰਬੰਸ ਸਿੰਘ ਲਾਇਬ੍ਰੇਰੀ ਰਿਸਟੋਰਰ
3. ਸੀਨੀ: ਲੈਕਚਰ ਅਸਿਸਟੈਂਟ (ਖਾਲੀ)
4. ਐਸ.ਐਲ.ਏ. (ਖਾਲੀ)



### ਦਰਜਾ ਚਾਰ ਸਟਾਫ (Class IV Staff)

1. ਸ: ਬਾਜ ਸਿੰਘ (ਮਾਲੀ)
2. ਸ੍ਰੀ ਵਿਜੈ ਪਾਲ (ਬੇਲਦਾਰ)
3. ਸ: ਹਰੀ ਸਿੰਘ (ਸੇਵਾਦਾਰ)
4. ਸੇਵਾਦਾਰ (ਖਾਲੀ)
5. ਸਫਾਈ ਸੇਵਕ (ਖਾਲੀ)
6. ਬਰਲਾਲ ਸਿੰਘ (ਬੇਲਦਾਰ)
7. ਮਾਲੀ (ਖਾਲੀ)
8. ਚੌਂਕੀਦਾਰ (ਖਾਲੀ)
9. ਵਾਟਰਮੈਨ (ਖਾਲੀ)
10. ਸਵੀਪਰ (ਖਾਲੀ)

# ਦਾਖਲੇ ਲਈ ਨਿਯਮ

1. ਵੱਖ ਵੱਖ ਕਲਾਸਾਂ ਦਾ ਦਾਖਲਾ ਕੇਵਲ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ। ਇਹ ਮੈਰਿਟ ਹੇਠਲੀ ਜਮਾਤ ਵਿੱਚੋਂ ਪ੍ਰਾਪਤ ਕੀਤੇ ਗਏ ਅੰਕਾਂ ਦੇ ਅਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ।
2. ਬਾਹਰਲੀਆਂ ਸੰਸਥਾਵਾਂ ਦੇ ਫੇਲ੍ਹ ਅਤੇ ਕੰਪਾਰਟਮੈਂਟ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
3. ਕਾਲਜ ਦੇ ਘਰੇਲੂ ਇਮਤਿਹਾਨਾਂ ਜਾਂ ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚੋਂ ਨਕਲ ਮਾਰਨ ਵਾਲੇ ਵਿਦਿਆਰਥੀਆਂ ਨੂੰ ਅਗਲੇ ਸੈਸ਼ਨ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
4. ਦਾਖਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜ ਦੀਆਂ ਫੋਟੋ ਸਟੇਟ ਕਾਪੀਆਂ ਨੱਥੀ ਹੋਣੀਆਂ ਜਰੂਰੀ ਹਨ।
   ੳ) ਜਨਮ ਮਿਤੀ ਦਾ ਸਰਟੀਫਿਕੇਟ।
   ਅ) ਹੇਠਲੀਆਂ ਜਮਾਤਾਂ ਦੇ ਨਤੀਜੇ ਕਾਰਡ।
   ੲ) ਪਿਛਲੀ ਸੰਸਥਾਂ ਦੇ ਮੁੱਖੀ ਵੱਲੋਂ ਚਾਲ-ਚਲਣ ਦਾ ਸਰਟੀਫਿਕੇਟ।
   ਸ) ਰਾਖਵੀਂ ਸ਼੍ਰੇਣੀ ਦਾ ਸਰਟੀਫਿਕੇਟ।
   ਹ) ਯੋਗਤਾ ਸਰਟੀਫਿਕੇਟ (ਬਾਹਰਲੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ)।
   ਕ) ਆਧਾਰ ਕਾਰਡ ਨੰਬਰ ਸਾਰੇ ਵਿਦਿਆਰਥੀਆਂ ਲਈ ਜ਼ਰੂਰੀ ਹੈ ।
   ਖ) ਚਾਰ ਪਾਸਪੋਰਟ ਸਾਈਜ਼ ਲੇਟੇਸਟ ਖਿਚਵਾਈਆਂ ਫੋਟੋਆਂ ।
   ਗ) ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹਨਾਂ ਦਾ ਬੈਂਕ ਖਾਤਾ ਨੰਬਰ ਜੋ ਕਿ ਅਧਾਰ ਕਾਰਡ ਨਾਲ ਜੁੜਿਆ ਹੋਵੇ ਅਤੇ ਉਸ ਦੀ ਫੋਟੋ ਸਟੇਟ ਕਾਪੀ (ਕੇਵਲ ਐਸ.ਸੀ./ਬੀ.ਸੀ. ਅਤੇ ਘੱਟ ਗਿਣਤੀਆਂ ਵਿਦਿਆਰਥੀਆਂ ਲਈ)
   ਘ) ਜਿਸ ਬੈਂਕ ਵਿਚ ਵਿਦਿਆਰਥੀ ਦਾ ਖਾਤਾ ਹੈ, ਉਸ ਬੈਂਕ ਦਾ ਆਈ.ਐਫ.ਐਸ.ਸੀ ਕੋਡ ਵਿਦਿਆਰਥੀ ਦੇ ਅਧਾਰ ਕਾਰਡ ਦੀ ਫੋਟੋ ਸਟੇਟ ਕਾਪੀ
   * ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ ਅਤੇ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਲਈ ਇਹ ਜਰੂਰੀ ਹੈ ਕਿ ਉਹ ਆਪਣੇ ਖਾਤਾ ਨੰ: ਨੂੰ ਅਧਾਰ ਕਾਰਡ ਨਾਲ ਜੋੜਨ ਤਾਕਿ ਵਜੀਫਾ ਮਿਲ ਸਕੇ।
5. ਅਧੂਰੇ ਜਾਂ ਲੋੜੀਂਦੇ ਸਰਟੀਫਿਕੇਟ ਦੀਆਂ ਫੋਟੋ ਸਟੇਟ ਕਾਪੀਆਂ ਤੋਂ ਬਿਨ੍ਹਾਂ ਜਾਂ ਆਖਰੀ ਮਿਤੀ ਤੋਂ ਪਿੱਛੋਂ ਪਹੁੰਚਣ ਵਾਲੇ ਫਾਰਮ ਰੱਦ ਸਮਝੇ ਜਾਣਗੇ।
6. ਦਾਖਲਾ ਚਾਹੁਣ ਵਾਲੇ ਉਮੀਦਵਾਰਾਂ ਨੂੰ ਇੰਟਰਵਿਊ ਸਮੇਂ ਆਪਣੇ ਅਸਲ ਸਰਟੀਫਿਕੇਟਾਂ ਸਮੇਤ ਆਪ ਹਾਜ਼ਰ ਹੋਣਾ ਪਵੇਗਾ।
7. ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹੋਵੇਗਾ ਕਿ ਉਹ ਆਪਣਾ ਸ਼ਨਾਖਤੀ ਕਾਰਡ ਬਣਾਕੇ ਆਪਣੇ ਕੋਲ ਰੱਖਣ। ਕਾਲਜ ਵਿੱਚ ਕਿਸੇ ਵੀ ਵਕਤ ਉਨ੍ਹਾਂ ਨੂੰ ਕਾਰਡ ਦਿਖਾਉਣ ਲਈ ਕਿਹਾ ਜਾ ਸਕਦਾ ਹੈ।
8. ਪ੍ਰਿੰਸੀਪਲ, ਪੰਜਾਬ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਕਿਸੇ ਵੀ ਨਿਯਮ ਨੂੰ ਬਦਲਿਆ ਜਾ ਸਕਦਾ ਹੈ।
9. ਦਾਖਲੇ/ਇੰਟਰਵਿਊ ਸਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ, ਇਸ ਬਾਰੇ ਡਾਕ ਰਾਹੀਂ ਸੂਚਨਾ ਨਹੀਂ ਦਿੱਤੀ ਜਾਵੇਗੀ।
10. ਕਾਲਜ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਪੰਜਾਬ ਸਰਕਾਰ, ਪੰਜਾਬ ਯੂਨੀਵਰਸਿਟੀ ਜਾਂ ਪ੍ਰਿੰਸੀਪਲ ਦੀ ਆਗਿਆ ਅਨੁਸਾਰ ਕਿਸੇ ਵੀ ਨਿਯਮ ਨੂੰ ਬਦਲਿਆ ਜਾ ਸਕਦਾ ਹੈ ।
11. ਐਸ.ਸੀ. ਵਿਦਿਆਰਥੀ ਵਜੀਫਾ ਲੈਣ ਲਈ 250000/- ਅਤੇ ਪੱਛੜੀ ਸ਼੍ਰੇਣੀ 100000 ਤੋਂ ਘੱਟ ਆਮਦਨ ਦਾ ਐਫੀਡੇਵਿਟ ਦੇਣਗੇ।
12. ਬਾਹਰਲੀਆਂ ਯੂਨੀਵਰਸਿਟੀਆਂ ਦੇ ਲੇਟ ਨਤੀਜੇ ਵਾਲੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਦਾਖਲ ਨਹੀਂ ਕੀਤਾ ਜਾਵੇਗਾ ਪਰ ਪੰਜਾਬ ਯੂਨੀਵਰਸਿਟੀ ਨਾਲ ਜੁੜਿਆ ਇਸ ਕਾਲਜ ਦਾ ਵਿਦਿਆਰਥੀ ਨਤੀਜੇ ਨਿਕਲਣ ਦੇ 10 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਬਿਨਾਂ ਲੇਟ ਫੀਸ ਤੋਂ ਦਾਖਲਾ ਲੈ ਸਕਦਾ ਹੈ। ਇਸ ਤੋਂ ਬਾਅਦ ਉਸ ਦੇ ਕੇਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
13. ਤੀਸਰੇ ਜਾਂ ਪੰਜਵੇਂ ਸਮੈਸਟਰ ਵਿੱਚ ਦਾਖਲੇ ਦੇ ਯੋਗ ਹੋਣ ਲਈ ਵਿਦਿਆਰਥੀ ਦੁਆਰਾ ਕ੍ਰਮਵਾਰ ਪਹਿਲੇ ਦੋ ਸਮੈਸਟਰ ਜਾਂ ਪਹਿਲੇ ਚਾਰ ਸਮੈਸਟਰਾਂ ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ ।

14. ਸਿਰਫ ਮਾਤਾ/ਪਿਤਾ ਦੀ ਬਦਲੀ ਕਾਰਨ ਬਾਹਰੋਂ ਆਏ ਵਿਦਿਆਰਥੀ ਨੂੰ ਦਾਖਲਾ ਦਿੱਤਾ ਜਾਵੇਗਾ।
15. ਪੰਜਾਬ ਯੂਨੀਵਰਸਿਟੀ ਤੋਂ ਅਪਰੂਵ ਹੋਣ ਤੱਕ ਦਿੱਤਾ ਗਿਆ ਦਾਖਲਾ ਆਰਜ਼ੀ ਹੈ ।
16. ਆਪਣੇ ਕਾਲਜ ਦੇ ਸੈਸ਼ਨ 2016-2017 ਦੇ ਫੇਲ੍ਹ ਵਿਦਿਆਰਥੀ ਨੂੰ ਤਦ ਹੀ ਦਾਖਲਾ ਦਿੱਤਾ ਜਾਵੇਗਾ ਜੇ ਉਸ ਦਾ ਆਚਰਣ ਠੀਕ ਰਿਹਾ ਹੋਵੇਗਾ ਅਤੇ ਸੀਟ ਉਪਲਬਧ ਹੋਵੇਗੀ।
17. ਕਾਲਜ ਵਿੱਚ ਹਰ ਕਿਸਮ ਦੀ ਰੈਗਿੰਗ ਪੂਰਨ ਰੂਪ ਵਿੱਚ ਗੈਰ ਕਾਨੂੰਨੀ ਹੈ। ਦੋਸ਼ੀਆਂ ਖਿਲਾਫ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।
18. ਗੈਪ ਸਾਲ ਵਾਲੇ ਵਿਦਿਆਰਥੀ ਨੂੰ ਦਾਖਲਾ ਫਾਰਮ ਨਾਲ ਇਸ ਤੱਥ ਦਾ ਐਫੀਡੇਵਿਟ (ਦੋ ਕਾਪੀਆਂ) ਦੇਣਾ ਪਵੇਗਾ ਕਿ ਗੈਪ ਦੇ ਸਮੇਂ ਦੌਰਾਨ ਉਸ ਨੂੰ ਕਿਸੇ ਵੀ ਬੋਰਡ/ਯੂਨੀਵਰਸਿਟੀ/ਸੰਸਥਾਨ ਦੁਆਰਾ ਕਿਸੇ ਵੀ ਕਾਰਣ ਕਰਕੇ ਅਯੋਗ ਘੋਸ਼ਿਤ ਨਹੀਂ ਕੀਤਾ ਗਿਆ ਸੀ।ਅਗਰ ਵਿਦਿਆਰਥੀ ਅਯੋਗ ਘੋਸ਼ਿਤ ਹੋਇਆ ਹੈ ਤਾਂ ਉਸਨੂੰ ਐਫੀਡੇਵਿਟ ਵਿਚ ਅਯੋਗਤਾ ਦਾ ਕਾਰਣ ਅਤੇ ਸਮਾਂ ਲਿਖਣਾ ਪਵੇਗਾ । ਅਜਿਹੇ ਵਿਦਿਆਰਥੀ ਨੂੰ ਅਯੋਗਤਾ ਦੇ ਚਲ ਰਹੇ ਸਮੇਂ ਦੌਰਾਨ ਕਿਸੇ ਵੀ ਹਾਲਤ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ । ਗੈਪ ਵਾਲੇ ਕੇਸ ਐਫੀਡੇਵਿਟ ਦੀਆਂ ਦੋ ਕਾਪੀਆਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ। ਇੱਕ ਕਾਪੀ ਆਪਣੇ ਪਾਸ ਰੱਖੇਗਾ ਅਤੇ ਦੂਜੀ ਕਾਪੀ ਦਾਖਲਾ ਹੋਣ ਉਪਰੰਤ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਰਿਟਰਨ ਨਾਲ ਯੂਨੀਵਰਸਿਟੀ ਨੂੰ ਭੇਜੀ ਜਾਵੇਗੀ ।

## ਦਾਖਲੇ ਲਈ ਆਨਲਾਈਨ ਅਪਲਾਈ ਕਰਨ ਲਈ ਦਿਸ਼ਾ ਨਿਰਦੇਸ਼

1. ਸੈਸ਼ਨ 2018-2019 ਲਈ ਕਾਲਜ ਵਿੱਚ ਆਨਲਾਈਨ ਹੀ ਦਾਖਲਾ ਫਾਰਮ ਭਰੇ ਜਾਣਗੇ ।
2. ਕਿਸੇ ਵੀ ਕਲਾਸ ਵਿੱਚ ਦਾਖਲਾ ਚਾਹੁਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੀ ਵੈਬਸਾਈਟ www.gczira.org ਤੇ ਜਾਕੇ ਦਾਖਲੇ ਲਈ ਆਨਲਾਈਨ ਅਪਲਾਈ ਕਰਨਾ ਹੋਵੇਗਾ ।
3. ਕਾਲਜ ਵੈਬਸਾਈਟ ਤੋਂ ਇਲਾਵਾ ਸਰਵਿਸ ਪ੍ਰੋਵਾਈਡਰ ਕੰਪਨੀ ਦੀ ਵੈਬਸਾਈਟ http://wwwjsksolution.com ਤੇ ਲਾਗ ਇਨ ਕਰਕੇ ਵੀ ਦਾਖਲੇ ਲਈ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ।
4. ਦਾਖਲੇ ਲਈ ਆਨਲਾਈਨ ਅਪਲਾਈ ਕਰਨ ਲਈ ਸਭ ਤੋਂ ਪਹਿਲਾਂ ਵੈਬਸਾਈਟ www.gczira.org ਤੇ ਰਜਿਸਟਰੇਸ਼ਨ ਕਰਵਾਉਣਾ ਜਰੂਰੀ ਹੈ। ਰਜਿਸਟਰੇਸ਼ਨ ਸਮੇ ਵਿਦਿਆਰਥੀ ਦੁਆਰਾ ਦਿੱਤੇ ਗਏ ਮੋਬਾਇਲ ਫੋਨ ਤੇ SMS ਰਾਹੀਂ Login ID ਅਤੇ Password ਭੇਜਿਆ ਜਾਵੇਗਾ।Login ID ਅਤੇ Password ਈਮੇਲ ਤੇ ਵੀ ਭੇਜਿਆ ਜਾਵੇਗਾ । ਭੇਜੀ ਗਈ Login ID ਤੇ Login ਕਰਨ ਉਪਰੰਤ ਦੀ ਵਿਦਿਆਰਥੀ ਦਾਖਲੇ ਲਈ ਆਨਲਾਈਨ ਅਪਲਾਈ ਕਰ ਸਕੇਗਾ।
5. ਰਸਿਟ੍ਰੇਸ਼ਨ ਸਮੇਂ ਵਿਦਿਆਰਥੀ ਦੁਆਰਾ ਦਿੱਤਾ ਜਾਣ ਵਾਲਾ ਮੋਬਾਇਲ ਨੰਬਰ ਅਤੇ e-mail Id ਉਸਦੀ ਆਪਣੀ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਹੋਣੀ ਚਾਹੀਦੀ ਹੈ । ਸਾਈਬਰ ਕੈਫੇ ਜਾਂ ਇੰਟਰਨੈਟ ਵਾਲੀ ਦੁਕਾਨ ਦਾ ਮੋਬਾਇਲ ਨੰਬਰ ਜਾਂ ਈ-ਮੇਲ ਆਈ.ਡੀ. ਦੇਣ ਦੀ ਮਨਾਹੀ ਹੈ ।
6. ਦਾਖਲੇ ਲਈ ਆਨਲਾਈਨ ਅਪਲਾਈ ਕਰਨ ਲਈ 150 ਰੁਪਏ ਦੀ ਪਰੋਸੈਸਿੰਗ ਫੀਸ ਲਈ ਜਾਵੇਗੀ ਜੋ ਕਿ ਡੈਬਿਟ ਜਾਂ ਕ੍ਰੈਡਿਟ ਕਾਰਡ ਜਾਂ ਨੈਟ ਬੈਕਿੰਗ ਆਦਿ ਰਾਹੀਂ ਅਦਾ ਕੀਤੀ ਜਾ ਸਕਦੀ ਹੈ ।
7. ਦਾਖਲੇ ਲਈ ਆਨਲਾਈਨ ਅਪਲਾਈ ਕਰਨ ਵੇਲੇ ਆਉਂਦੀ ਕਿਸੇ ਵੀ ਮੁਸ਼ਕਿਲ ਲਈ ਸਰਵਿਸ ਪ੍ਰੋਵਾਈਡਰ ਕੰਪਨੀ ਦੇ ਫੋਨ ਨੰਬਰ 80545-15015 ਤੇ ਸੰਪਰਕ (10 ਵਜੇ ਤੋਂ ਸ਼ਾਮ 5 ਵਜੇ ਤੱਕ) ਕੀਤਾ ਜਾ ਸਕਦਾ ਹੈ ਜਾਂ ਇਸ ਸੰਬੰਧੀ mail@jsrsolutions.com ਤੇ ਈਮੇਲ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ ।
8. ਉਪਰੋਕਤ ਅਨੁਸਾਰ ਅਪਲਾਈ ਕਰਨ ਤੋਂ ਬਾਅਦ ਆਨਲਾਈਨ ਭਰੇ ਦਾਖਲਾ ਫਾਰਮ ਦਾ ਪ੍ਰਿੰਟਆਊਟ ਲੈਕੇ ਆਪਣੀ ਅਤੇ ਆਪਣੇ ਮਾਪਿਆਂ ਦੀਆਂ ਪਾਸਪੋਰਟ ਸਾਈਜ਼ ਫੋਟੋਆਂ ਚਿਪਕਾ ਕੇ ਅਤੇ ਹਸਤਾਖਰ ਕਰਵਾ ਕੇ ਪ੍ਰਿੰਟ ਆਊਟ ਨੂੰ ਲੋੜੀਂਦੇ ਦਸਤਾਵੇਜਾਂ ਦੀਆਂ ਸਵੈ-ਤਸਦੀਕਸ਼ੁਦਾ (ਸੈਲਫ ਅਟੈਸਟਡ) ਫੋਟੋ ਕਾਪੀਆਂ ਸਮੇਤ ਕਾਲਜ ਲੈਕੇ ਆਉਣਾ ਜਰੂਰੀ ਹੈ ।
9. ਜੇਕਰ ਕੋਈ ਵਿਦਿਆਰਥੀ ਦਾਖਲੇ ਲਈ ਆਨਲਾਈਨ ਫਾਰਮ ਵਿੱਚ ਗਲਤ ਸੂਚਨਾ ਭਰਦਾ ਹੈ ਤਾਂ ਅਜਿਹੇ ਵਿਦਿਆਰਥੀ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ। ਗਲਤ ਜਾਣਕਾਰੀ ਭਰਨ ਕਾਰਨ ਹੋਏ ਨੁਕਸਾਨ ਲਈ ਕਲਾਜ

## ਅਤਿ ਜਰੂਰੀ ਸੂਚਨਾ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਇਹ ਜਰੂਰੀ ਹੋਵੇਗਾ ਕਿ ਉਹ ਰੋਜ ਕਾਲਜ ਦਾ ਨੋਟਿਸ ਬੋਰਡ ਧਿਆਨ ਨਾਲ ਪੜ੍ਹਨ।
   ਕਾਲਜ ਵਿੱਚ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਉੱਤੇ ਹੀ ਲਗਾਈ ਜਾਵੇਗੀ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿੱਚ ਕਿਸੇ ਸੂਚਨਾ ਤੋਂ ਵਾਂਝੇ ਰਹਿ ਜਾਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
2. ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਦੀ ਯੋਗਤਾ ਲਈ ਘੱਟੋ-ਘੱਟ 75% ਲੈਕਚਰ ਲਗਾਉਣੇ ਜਰੂਰੀ ਹਨ।
3. ਹਰੇਕ ਵਿਸ਼ੇ ਲਈ 10% ਦੀ ਇੰਟਰਨਲ ਅਸੈਸਮੈਂਟ ਨਿਰਧਾਰਿਤ ਕੀਤੀ ਗਈ ਹੈ। ਜੋ ਕਿ ਵਿਦਿਆਰਥੀ ਦੁਆਰਾ ਵਿਭਿੰਨ ਕਲਾਸ ਦੇ ਟੈਸਟਾਂ ਵਿੱਚ ਪ੍ਰਾਪਤ ਕੀਤੇ ਅੰਕਾਂ (5%) ਪ੍ਰੋਜੈਕਟ ਵਰਕ ਜਾਂ ਅਸਾਈਨਮੈਂਟਾਂ (3%) ਅਤੇ ਹਾਜ਼ਰੀਆਂ (2%) ਦੇ ਆਧਾਰ ਤੇ ਹੋਵੇਗੀ ।

ਨੋਟ : 1. ਕਾਲਜ ਦੇ ਘਰੇਲੂ ਇਮਤਿਹਾਨਾਂ/ਹਾਜਰੀਆਂ ਸੰਬੰਧੀ ਜਾਣਕਾਰੀ ਹਾਸਲ ਕਰਨੀ ਮਾਪਿਆਂ/ਸਰਪ੍ਰਸਤ ਦੀ ਆਪਣੀ ਜਿੰਮੇਵਾਰੀ ਹੈ । ਕਾਲਜ ਵੱਲੋਂ ਡਾਕ ਰਾਹੀਂ ਕੋਈ ਅਜਿਹੀ ਸੂਚਨਾ ਨਹੀਂ ਭੇਜੀ ਜਾਂਦੀ ।
2. ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਾਰਨ ਕਾਲਜ ਵਿੱਚ ਲੇਟ ਦਾਖਲ ਹੁੰਦਾ ਹੈ ਤਾਂ ਉਸਦੀਆਂ ਹਾਜਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖਲੇ ਦੀ ਮਿਤੀ ਤੋਂ ਕੀਤੀ ਜਾਵੇਗੀ ।

## ਰਾਖਵੀਆਂ ਸੀਟਾਂ

ਪੰਜਾਬ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਕੁੱਲ ਸੀਟਾਂ ਵਿੱਚੋਂ ਹੇਠ ਲਿਖੀਆਂ ਸ਼੍ਰੇਣੀਆਂ ਲਈ ਰਾਖਵੀਆਂ ਹੋਣਗੀਆਂ।

1. ਅਨੁਸੂਚਿਤ ਜਾਤੀਆਂ / ਕਬੀਲਿਆਂ ਲਈ....................................................25%
2. ਪਛੜੀਆਂ ਸ਼੍ਰੇਣੀਆਂ ਲਈ ....................................................5%
3. ਬੀ.ਐਸ.ਐਫ./ਆਰਮਡ ਫੋਰਸ/ਸੀ.ਆਰ.ਪੀ.ਐਫ. ਦੇ ਕਰਮਚਾਰੀਆਂ/ਅਧਿਕਾਰੀਆਂ ਦੇ ਬੱਚਿਆਂ ਲਈ .......2%
4. ਖਿਡਾਰੀਆਂ ਲਈ....................................................2%
   (ਕੇਵਲ ਪੰਜਾਬ ਖੇਡ ਵਿਭਾਗ ਵੱਲੋਂ ਨਿਰਧਾਰਿਤ ਗ੍ਰੇਡੇਸ਼ਨ ਤੇ ਆਧਾਰ ਤੇ)
5. ਅਧਿਆਪਕਾਂ (ਮਾਨਤਾ ਪ੍ਰਾਪਤ ਲਈ) ਦੇ ਬੱਚਿਆਂ ਲਈ....................................................2%
6. ਖਾੜਕੂਆਂ ਹੱਥੋ/ ਸੁਰਖਿੱਆ ਬਲਾਂ ਦੀਆਂ ਕਾਰਵਾਈਆ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ ਸਿੱਖ ਪ੍ਰਵਾਸੀਆਂ/ ਅੰਦਰੂਨੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ....................................................2%
7. ਸਰੀਰਕ ਤੌਰ ਤੇ ਅੰਗਹੀਣਾਂ ਲਈ....................................................3%
8. ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਪੋਤੇ ਪੋਤੀਆਂ ਅਤੇ ਦੋਹਤੇ ਦੋਹਤੀਆਂ ....................................1%
9. ਏਡਜ਼, ਕੈਂਸਰ, ਥੈਲੇਸੀਮੀਆਂ ਤੋਂ ਪੀੜਤ ਵਿਦਿਆਰਥੀਆਂ ਲਈ....................................1 ਸੀਟ
10. ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਕੋਈ ਇੱਕ ਧੀ ਲਈ ਵਾਧੂ ਸੀਟਾਂ....................................2 ਸੀਟ

11. ਦਿੱਲੀ ਦੇ ਦੰਗਾਂ ਪੀੜਤ ਬੱਚਿਆਂ ਲਈ..........................................................................1%

12. ਕਸ਼ਮੀਰੀ ਹਿਜ਼ਰਤਕਾਰੀ ਪ੍ਰਾਰਥੀ ਲਈ ਨਿਸ਼ਚਿਤ ਸੀਟਾਂ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਧਾਈ ਜਾ ਸਕਦੀ ਹੈ..........................................................................1 ਸੀਟ

ਨੋਟ: ਪੰਜਾਬ ਸਰਕਾਰ/ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਰਾਖਵੀਆਂ ਸੀਟਾਂ ਸੰਬੰਧੀ ਸਮੇਂ-ਸਮੇਂ ਆਏ ਆਦੇਸ਼ਾਂ ਅਨੁਸਾਰ ਸੀਟਾਂ ਰਾਖਵੀਆਂ ਹੋਣਗੀਆਂ।
ਨੋਟ: ਕਿਸੇ ਵੀ ਤਰ੍ਹਾਂ ਦੇ ਰਾਖਵੇਂਕਰਨ ਵਾਲੀ ਸੀਟ ਦਾ ਲਾਭ ਲੈਣ ਲਈ ਲੋੜੀਂਦਾ ਦਸਤਾਵੇਜ਼/ਸਬੂਤ ਦਾਖਲਾ ਫਾਰਮ ਨਾਲ ਨੱਥੀ ਕਰਨਾ ਲਾਜ਼ਮੀ ਹੋਵੇਗਾ।

## ਬੀ.ਏ. ਦੇ ਵਿਸ਼ਿਆਂ ਦੀ ਚੋਣ

ਬੀ.ਏ. ਸਮੈਸਟਰ ਪਹਿਲਾ ਵਿੱਚ ਲਏ ਜਾ ਸਕਣ ਵਾਲੇ, ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ (ਵਿਦਿਆਰਥੀਆਂ ਨੂੰ ਕੇਵਲ ਉਹ ਵਿਸ਼ੇ ਹੀ ਲੈਣੇ ਪੈਣਗੇ ਜੋ ਇਸ ਕਾਲਜ ਵਿੱਚ ਉਪਲੱਬਧ ਹਨ)

### ਲਾਜ਼ਮੀ ਵਿਸ਼ੇ:

1. ਲਾਜ਼ਮੀ ਅੰਗਰੇਜ਼ੀ
2. ਲਾਜ਼ਮੀ ਪੰਜਾਬੀ
3. ਵਾਤਾਵਰਣ ਸਿੱਖਿਆ

### ਚੋਣਵੇਂ ਵਿਸ਼ੇ:

ਉਪਰੋਕਤ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਨੂੰ ਤਿੰਨ ਹੋਰ ਚੋਣਵੇ ਵਿਸ਼ੇ ਪੜ੍ਹਨੇ ਹੋਣਗੇ।

1. ਇਤਿਹਾਸ
2. ਰਾਜਨੀਤੀ ਸ਼ਾਸਤਰ
3. ਪੰਜਾਬੀ ਇਲੈਕਟਿਵ
4. ਹਿੰਦੀ ਇਲੈਕਟਿਵ
5. ਅਰਥ ਸ਼ਾਸਤਰ
6. ਕੰਪਿਊਟਰ ਸਾਇੰਸ
7. ਭੂਗੋਲ
8. ਸਰੀਰਕ ਸਿੱਖਿਆ
9. ਸਮਾਜ ਸ਼ਾਸਤਰ (Sociology)**

** ਇਹ ਵਿਸ਼ਾ ਕਾਲਜ ਵਿੱਚ ਨਹੀਂ ਪੜ੍ਹਾਇਆ ਜਾਵੇਗਾ। ਵਿਦਿਆਰਥੀ ਇਸ ਵਿਸ਼ੇ ਨੂੰ ਨਿਜੀ ਤੌਰ 'ਤੇ ਪੜ੍ਹੇਗਾ।

ਨੋਟ: ਵਿਸ਼ੇ ਚੁਣਨ ਵੇਲੇ ਇਸ ਗੱਲ ਦਾ ਧਿਆਨ ਦਿੱਤਾ ਜਾਵੇ ਕਿ ਹੇਠ ਵਿਸ਼ਾ ਸਮੂਹ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਲਿਆ ਜਾ ਸਕਦਾ ਹੈ।

1. ਸਰੀਰਕ ਸਿੱਖਿਆ / ਭੂਗੋਲ
2. ਸਮਾਜ ਸ਼ਾਸਤਰ / ਕੰਪਿਊਟਰ ਸਾਇੰਸ

### ਵਿਸ਼ਾ ਬਦਲੀ:

ਕਿਸੇ ਵੀ ਵਿਦਿਆਰਥੀ ਨੂੰ ਸੈਸ਼ਨ ਸ਼ੁਰੂ ਹੋਣ ਦੇ 15 ਦਿਨਾਂ ਦੇ ਅੰਦਰ ਵਿਸ਼ਾ ਬਦਲਣ ਦੀ ਆਗਿਆ ਮਿਲ ਸਕਦੀ ਹੈ। ਅਜਿਹੇ ਬਿਨਾਂ ਪੱਤਰਾਂ ਉਤੇ ਮਾਪਿਆ ਅਤੇ ਸਬੰਧਤ ਅਧਿਆਪਕਾਂ ਦੀ ਸਹਿਮਤੀ ਜਰੂਰੀ ਹੋਵੇਗੀ।

### ਕਾਲਜ ਛੱਡਣਾ:

ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁਣ, ਉਨਾਂ ਨੂੰ ਆਪਣੀ ਹੱਥ ਲਿਖਤ ਬਿਨੈ ਪੱਤਰ ਦੇਣਾ ਪਵੇਗਾ। ਇਨ੍ਹਾਂ ਬਿਨੈ-ਪੱਤਰਾਂ ਉੱਤੇ ਮਾਪਿਆਂ/ਸਰਪ੍ਰਸਤਾਂ ਦੀ ਸਹੀ ਜਰੂਰੀ ਹੈ। ਜਦੋਂ ਤੱਕ ਵਿਦਿਆਰਥੀ ਦਾ ਨਾਂ ਨਹੀਂ ਕੱਟਿਆਂ ਜਾਂਦਾ , ਉਦੋਂ ਤੱਕ ਉਸ ਤੋਂ ਫੀਸਾਂ, ਜੁਰਮਾਨੇ ਤੇ ਦੂਸਰੇ ਫੰਡ ਲਏ ਜਾਣਗੇ।

## ਛੁੱਟੀਆਂ ਬਾਰੇ ਨਿਯਮ

1. ਛੁੱਟੀ ਲਈ ਬਿਨੈ ਪੱਤਰ ਨਿਰਧਾਰਿਤ ਫਾਰਮ ਤੇ ਦੇਣਾ ਜਰੂਰੀ ਹੈ ਜੋ ਕਿ ਕਾਲਜ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. ਸਾਧਾਰਨ ਹਾਲਤਾਂ ਵਿੱਚ ਛੁੱਟੀ ਤੇ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣਾ ਜਰੂਰੀ ਹੈ ।
3. 1. ਪੰਜ ਦਿਨ ਤੱਕ ਦੀ ਜਰੂਰੀ ਕੰਮ ਜਾਂ ਬਿਮਾਰੀ ਦੀ ਛੁੱਟੀ ਟਿਊਟਰ ਪਾਸੋਂ ਮਨਜ਼ੂਰ ਕਰਵਾਉਣਾ ਜਰੂਰੀ ਹੈ ।
   2. ਪੰਜ ਤੋਂ ਦਸ ਦਿਨ ਤੱਕ ਦੀ ਛੁੱਟੀ ਟਿਊਟਰ ਦੀ ਸਿਫਾਰਸ਼ ਤੇ ਸੀਨੀਅਰ ਟਿਊਟਰ ਪਾਸੋਂ ਮਨਜ਼ੂਰ ਕਰਵਾਉਣਾ ਲਾਜ਼ਮੀ ਹੈ।
   3. ਦਸ ਦਿਨ ਤੋਂ ਵੱਧ ਦੀ ਛੁੱਟੀ ਟਿਊਟਰ ਅਤੇ ਸੀਨੀਅਰ ਟਿਊਟਰ ਦੀ ਸਿਫਾਰਸ਼ ਤੇ ਪ੍ਰਿੰਸੀਪਲ ਪਾਸੋਂ ਮਨਜ਼ੂਰ ਕਰਵਾਉਣਾ ਜਰੂਰੀ ਹੈ ।
4. ਬੀਮਾਰੀ ਕਾਰਨ ਇੱਕ ਹਫਤੇ ਤੋਂ ਵੱਧ ਗੈਰ ਹਾਜਰ ਰਹਿਣ ਵਾਲੇ ਵਿਦਿਆਰਥੀ ਲਈ ਛੁੱਟੀ ਦੀ ਅਰਜੀ ਨਾਲ ਐਮ.ਬੀ.ਬੀ.ਐਸ./ਐਮ.ਡੀ. ਡਾਕਟਰ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਲਗਾਉਣਾ ਜਰੂਰੀ ਹੈ ।
5. ਕਿਸੇ ਵੀ ਕਿਸਮ ਦੀ ਮਨਜ਼ੂਰ ਹੋਈ ਕੋਈ ਵੀ ਛੁੱਟੀ (ਜਰੂਰੀ ਕੰਮ ਜਾਂ ਬੀਮਾਰੀ) ਹਾਜ਼ਰੀਆਂ ਦੀ ਘਾਟ ਨੂੰ ਪੂਰਾ ਨਹੀਂ ਕਰਦੀ, ਇਸ ਨਾਲ ਕੇਵਲ ਜੁਰਮਾਨੇ ਤੋਂ ਹੀ ਛੋਟ ਮਿਲਦੀ ਹੈ ।

## ਕਾਲਜ ਤੋਂ ਲੰਬੇ ਸਮੇਂ ਲਈ ਗੈਰ ਹਾਜ਼ਰੀ

1. ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਉਣ ਤੋਂ ਬਿਨ੍ਹਾਂ 10 ਦਿਨ ਲਈ ਗੈਰ ਹਾਜਰ ਰਹਿੰਦਾ ਹੈ ਜਾਂ ਕਿਸੇ ਇੱਕ ਵਿਸ਼ੇ ਵਿੱਚੋਂ ਵੀ ਗੈਰ ਹਾਜਰ ਰਹਿੰਦਾ ਹੈ ਤਾਂ ਕਾਲਜ ਵਿੱਚ ਉਸਦਾ ਨਾਂ ਕੱਟ ਦਿੱਤਾ ਜਾਵੇਗਾ ।
2. ਰੀ-ਐਡਮਿਸ਼ਨ ਸਮੇਂ ਪ੍ਰਿੰਸੀਪਲ ਦੀ ਆਗਿਆ ਜਰੂਰੀ ਹੈ ਤੇ ਜੁਰਮਾਨੇ ਦੀ ਅਦਾਇਗੀ ਵੀ ਕਰਨੀ ਪਵੇਗੀ ।
3. ਨਾਂ ਕੱਟਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਨਾਂ ਦੁਬਾਰਾ ਦਾਖਲ ਹੋਣ ਜਰੂਰੀ ਹੈ ਨਹੀਂ ਤਾਂ ਰੀ-ਐਡਮਿਸ਼ਨ ਨਹੀਂ ਹੋਵੇਗੀ।

## ਖੇਡ ਸਮਾਰੋਹ

1. ਸਾਲਾਨਾ ਖੇਡ ਸਮਾਰੋਹ ਸਮੇਂ ਉਹ ਹੀ ਈਵੈਂਟ ਕਰਵਾਈ ਜਾਵੇਗੀ ਜਿਸ ਵਿੱਚ ਘੱਟੋ ਘੱਟ ਪੰਜ ਖਿਡਾਰੀ ਹਿੱਸਾ ਲੈ ਰਹੇ ਹੋਣਗੇ।
2. ਲੜਕੇ ਅਤੇ ਲੜਕੀਆਂ ਦੋਹਾਂ ਵਿੱਚੋਂ ਅਲੱਗ-ਅਲੱਗ ਬੈਸਟ ਐਥਲੀਟ ਲਏ ਜਾਣਗੇ।
3. ਸਪੋਰਟਸ ਕਮੇਟੀ ਲੋੜ ਅਤੇ ਸਮੇਂ ਮੁਤਾਬਿਕ ਈਵੈਂਟਸ ਵਿਚ ਤਬਦੀਲੀ ਕਰ ਸਕਦੀ ਹੈ

## ਕਾਲਜ ਕਲਰ ਦੇ ਨਿਯਮ

1. ਬੈਸਟ ਐਥਲੀਟ (ਲੜਕੇ ਅਤੇ ਲੜਕੀਆਂ ਵੱਖ ਵੱਖ ਨੂੰ)
2. ਉਨ੍ਹਾਂ ਐਥਲੀਟਾਂ/ਖਿਡਾਰੀਆਂ ਨੂੰ ਜੋ ਯੂਨੀਵਰਸਿਟੀ ਜਾਂ ਚੈਂਪੀਅਨਸ਼ਿਪ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰ ਸਕਦੇ ਹਨ ।
3. ਵਿੱਦਿਅਕ ਅਦਾਰੇ ਅਤੇ ਸੱਭਿਆਚਾਰਕ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਦਿੱਤੇ ਜਾਂਦੇ ਹਨ।

## ਸਭਾਵਾਂ ਅਤੇ ਕਲੱਬ

ਵਿੱਦਿਅਕ ਖੇਤਰ ਤੋਂ ਇਲਾਵਾ ਵਿਦਿਆਰਥੀਆਂ ਦੇ ਸਾਹਿਤਕ ਅਤੇ ਸੱਭਿਆਚਾਰਕ ਵਿਕਾਸ ਲਈ ਕਾਲਜ ਵਿੱਚ ਅਨੇਕ ਕਲੱਬ ਅਤੇ ਸਭਾਵਾਂ ਕਾਰਜਸ਼ੀਲ ਹਨ । ਇਨ੍ਹਾਂ ਸਭਾਵਾਂ ਅਧੀਨ ਪਸਾਰ ਭਾਸ਼ਣ, ਸਮਾਜ ਸੇਵਾ, ਖੂਨਦਾਨ ਕੈਂਪ, ਸਾਹਿਤਕ ਗੋਸ਼ਟੀਆਂ, ਭਾਸ਼ਣ ਅਤੇ ਵਾਦ-ਵਿਵਾਦ ਮੁਕਾਬਲੇ, ਕਵਿਤਾ ਉਚਾਰਣ ਮੁਕਾਬਲੇ, ਨਾਟਕ, ਗਿੱਧਾ ਸੰਗੀਤ, ਪੇਂਟਿੰਗ ਮੁਕਾਬਲੇ, ਕਲਾ ਪ੍ਰਦਰਸ਼ਨੀਆਂ, ਵਿੱਦਿਅਕ ਟੂਰ ਅਤੇ ਹੋਰ ਕਈ ਤਰ੍ਹਾਂ ਦੀਆਂ ਸਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ ।

ਵਿਦਿਆਰਥੀ ਇਨ੍ਹਾਂ ਕਲੱਬਾਂ ਅਤੇ ਸਭਾਵਾਂ ਦੇ, ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਮੈਂਬਰ ਬਣ ਸਕਦੇ ਹਨ । ਕਾਲਜ ਵਿੱਚ ਹੇਠ ਲਿਖੀਆਂ ਸਭਾਵਾਂ ਅਤੇ ਕਲੱਬ ਕਾਰਜਸ਼ੀਲ ਹਨ :

1. ਐਂਟੀ ਰੈਗਿੰਗ ਸੈਲ
2. ਐਂਟੀ ਡਰੱਗ ਸੈੱਲ
3. ਵਿਮੈਨ ਫੋਰਮ ਅਤੇ ਵਿਮੈਨ ਸੇਫਟੀ ਸੈੱਲ
4. ਸੈਕਸੁਅਲ ਹਰਾਸਮੈਂਟ ਨਿਵਾਰਨ ਕਮੇਟੀ
5. ਕੈਰੀਅਰ ਅਤੇ ਪਲੇਸਮੈਂਟ ਸੈੱਲ
6. ਲਿਟਰੇਰੀ ਸੁਸਾਇਟੀ
7. ਯੂਥ ਕਲੱਬ
8. ਵਾਤਾਵਰਨ ਸੰਭਾਲ ਅਤੇ ਸਵੱਛ ਕਾਲਜ ਸੋਸਾਇਟੀ
9. ਰੈਡ ਰਿਬਨ ਕਲੱਬ
10. ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
11. ਲੀਗਲ ਲਿਟਰੇਸੀ ਕਲੱਬ

## ਲਾਇਬ੍ਰੇਰੀ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਦੀ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਅਤੇ ਆਮ ਜਾਣਕਾਰੀ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਹਨ । ਜਿਸ ਦਾ ਵਿਦਿਆਰਥੀ ਭਰਪੂਰ ਫਾਇਦਾ ਉਠਾ ਸਕਦੇ ਹਨ। ਲਾਇਬ੍ਰੇਰੀ ਦੇ ਉਪਯੋਗ ਲਈ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨਾ ਜਰੂਰੀ ਹੈ ।

1. ਲਾਇਬ੍ਰੇਰੀ ਵਿੱਚੋਂ ਇੱਕੋ ਸਮੇਂ ਲਈ ਦੋ ਹੀ ਪੁਸਤਕਾਂ ਕਢਵਾਈਆਂ ਜਾ ਸਕਦੀਆਂ ਹਨ ।
2. ਜੇਕਰ ਕਿਸੇ ਹੋਰ ਵਿਦਿਆਰਥੀ ਨੂੰ ਉਸ ਪੁਸਤਕ ਦੀ ਲੋੜ ਨਾ ਹੋਵੇ ਤਾਂ ਲਾਇਬ੍ਰੇਰੀਅਨ ਦੀ ਰਜ਼ਾਮੰਦੀ ਨਾਲ ਵਿਦਿਆਰਥੀ ਪੁਸਤਕ ਵਾਪਸ ਕਰਨ ਉਪਰੰਤ ਦੁਬਾਰਾ ਵੀ ਕਢਵਾ ਸਕਦਾ ਹੈ ।
3. ਕਿਸੇ ਅਧਿਆਪਕ ਨੂੰ ਲੋੜ ਪੈਣ ਤੇ ਲਾਇਬ੍ਰੇਰੀਅਨ ਵਿਦਿਆਰਥੀ ਪਾਸੋਂ ਪੁਸਤਕ ਨਿਯਤ ਸਮੇਂ ਤੋਂ ਪਹਿਲਾਂ ਵੀ ਮੰਗਵਾ ਸਕਦਾ ਹੈ ।
4. ਉਪਰਲੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ ਨੂੰ 25 ਪੈਸੇ ਪ੍ਰਤੀ ਦਿਨ ਦੀ ਦਰ ਨਾਲ ਜੁਰਮਾਨਾ ਕੀਤਾ ਜਾਵੇਗਾ । ਜੇਕਰ ਕੋਈ ਵਿਦਿਆਰਥੀ ਲਗਾਤਾਰ ਅਜਿਹੀਆਂ ਗਲਤੀਆਂ ਕਰਦਾ ਰਹੇ ਤਾਂ ਲਾਇਬ੍ਰੇਰੀਅਨ /ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਉਸਨੂੰ ਲਾਇਬ੍ਰੇਰੀ ਦੀਆਂ ਸਹੂਲਤਾਂ ਤੋਂ ਵਾਂਝਾ ਕੀਤਾ ਜਾ ਸਕਦਾ ਹੈ ।
5. ਪੁਸਤਕਾਂ ਨੂੰ ਠੀਕ ਹਾਲਤ ਵਿੱਚ ਰੱਖਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ । ਪੁਸਤਕਾਂ ਕਢਵਾਉਣ ਵੇਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਪੁਸਤਕ ਦੀ ਪੜਤਾਲ ਕਰ ਲਵੇ । ਪੁਸਤਕ ਦੇ ਖਰਾਬ ਜਾਂ ਪਾਟੇ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਲਾਇਬ੍ਰੇਰੀਅਨ ਦੇ ਧਿਆਨ ਵਿੱਚ ਲਿਆਵੇ ਨਹੀਂ ਤਾਂ ਉਸਨੂੰ ਪੁਸਤਕ ਖਰਾਬ ਹੋਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ।
6. ਰੈਫਰੈਂਸ ਪੁਸਤਕਾਂ ਲਾਇਬ੍ਰੇਰੀ ਵਿੱਚੋਂ ਬਾਹਰ ਨਹੀਂ ਲਿਜਾਈਆਂ ਜਾ ਸਕਦੀਆਂ ਹਨ, ਇਹ ਪੁਸਤਕਾਂ

ਕਾਲਜ ਦੇ ਸਮੇਂ ਦੌਰਾਨ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹੀਆਂ ਜਾ ਸਕਦੀਆਂ ਹਨ ।

7. ਲਾਇਬ੍ਰੇਰੀ ਵਿੱਚ ਆਉਣ ਸਮੇਂ ਵਿਦਿਆਰਥੀ ਕੋਲ ਸ਼ਨਾਖਤੀ ਕਾਰਡ ਹੋਣਾ ਜਰੂਰੀ ਹੈ।
8. ਪੁਸਤਕਾਂ ਨੂੰ ਖਰਾਬ ਜਾਂ ਗੁੰਮ ਕਰਨ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਉਸ ਦੀ ਕੀਮਤ ਅਦਾ ਕਰਨੀ ਪਵੇਗੀ ਜਾਂ ਉਸਦੀ ਥਾਂ ਨਵੀਂ ਪੁਸਤਕ ਲਿਆ ਕੇ ਦੇਣੀ ਪਵੇਗੀ । ਪੁਸਤਕ ਦੀ ਕੀਮਤ ਲਾਇਬ੍ਰੇਰੀਅਨ ਵੱਲੋਂ ਨਿਯਤ ਕੀਤੀ ਜਾਵੇਗੀ ਤੇ ਇਹ ਕੀਮਤ ਪੁਸਤਕ ਦੇ ਨਵੇਂ ਐਡੀਸ਼ਨ ਦੀ ਕੀਮਤ ਅਤੇ ਡਾਕ ਖਰਚ ਦੇ ਜੋੜ ਦੇ ਬਰਾਬਰ ਹੋਵੇਗੀ ।
9. ਲਾਇਬ੍ਰੇਰੀ ਵਿੱਚ ਅਨੁਸ਼ਾਸਨ ਜਰੂਰੀ ਹੋਵੇਗਾ ਜਿਸਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਰੀਡਿੰਗ ਰੂਮ ਵਿੱਚ ਪੜ੍ਹਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।
10. ਪੁਸਤਕਾਂ ਦੀ ਵਾਪਸੀ ਸਮੇਂ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਸ਼ਨਾਖਤੀ ਕਾਰਡ ਵਿੱਚੋਂ ਉਸਦਾ ਨਾਮ ਕਟਵਾ ਲਵੇ, ਨਾ ਕੱਟੀਆਂ ਪੁਸਤਕਾਂ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ।

## ਅਨੁਸ਼ਾਸਨ ਸੰਬੰਧੀ ਵਿਸ਼ੇਸ਼ ਹਦਾਇਤਾਂ :

1. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਕਾਲਜ ਵਿੱਚ ਕੋਈ ਵੀ ਕੀਮਤੀ ਸਮਾਨ ਨਾ ਲੈ ਕੇ ਆਉਣ । ਅਜਿਹੇ ਸਮਾਨ ਦੀ ਚੋਰੀ ਹੋ ਜਾਣ ਤੇ ਕਾਲਜ ਜਿੰਮੇਵਾਰ ਨਹੀਂ ਹੋਵੇਗਾ ।
2. ਪਾਰਕਿੰਗ ਵਿੱਚ ਖੜ੍ਹੇ ਕੀਤੇ ਵਾਹਨ ਵਿੱਚ ਪਏ ਸਮਾਨ ਦੀ ਚੋਰੀ ਲਈ ਕਾਲਜ ਜਿੰਮੇਵਾਰ ਨਹੀਂ ਹੋਵੇਗਾ । ਸੋ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਾਰਕਿੰਗ ਵਿੱਚ ਖੜ੍ਹੇ ਵਾਹਨ 'ਚ ਕੋਈ ਕੀਮਤੀ ਸਮਾਨ ਨਾ ਰੱਖਣ ।
3. ਵਿਦਿਆਰਥੀ ਕਾਲਜ ਵਿੱਚ ਹਮੇਸ਼ਾ ਸ਼ਨਾਖਤੀ ਕਾਰਡ ਆਪਣੇ ਪਾਸ ਰੱਖਣਗੇ ਅਤੇ ਮੰਗ ਕਰਨ ਤੇ ਦਿਖਾਉਣਗੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਜੁਰਮਾਨਾ ਕੀਤਾ ਜਾਵੇਗਾ ।
4. ਕੋਈ ਵੀ ਵਿਦਿਆਰਥੀ ਕਾਲਜ ਨੋਟਿਸ ਬੋਰਡ ਉੱਪਰ ਆਪਣੇ ਪੱਧਰ ਤੇ ਕੋਈ ਵੀ ਸੂਚਨਾ ਲਿਖਕੇ ਨਹੀਂ ਲਾਵੇਗਾ।
5. ਕਲਾਸਾਂ ਲਗਣ ਸਮੇਂ ਵਰਾਂਡਿਆਂ ਵਿੱਚ ਸ਼ੋਰ ਮਚਾਉਣਾ / ਘੁੰਮਣਾ ਮਨ੍ਹਾ ਹੈ ।
6. ਪ੍ਰਿੰਸੀਪਲ ਦੀ ਆਗਿਆ ਤੋਂ ਬਗੈਰ ਕਾਲਜ ਅੰਦਰ ਕਿਸੇ ਵੀ ਕਿਸਮ ਦੀ ਮੀਟਿੰਗ ਜਾਂ ਸਮਾਗਮ ਕਰਨ ਦੀ ਮਨਾਹੀ ਹੈ ।
7. ਕਾਲਜ ਕੈਂਪਸ ਵਿੱਚ ਨਸ਼ਿਆਂ ਦਾ ਸੇਵਨ ਕਰਨ, ਟਰੈਕਟਰ/ਜੀਪ ਲਿਆਉਣ/ਹਥਿਆਰ ਲੈ ਕੇ ਆਉਣ ਅਤੇ ਕਾਲਜ ਕੈਂਪਸ ਵਿੱਚ ਸਰਕਾਰੀ ਸੰਪੱਤੀ ਦਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਕਰਨ ਦੀ ਸਖਤ ਮਨਾਹੀ ਹੈ । ਉਲੰਘਣਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।
8. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ-ਸਮੇਂ ਅਧਿਆਪਕਾਂ ਤੋਂ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਅਤੇ ਅਨੁਸ਼ਾਸਨ ਬਾਰੇ ਪੁੱਛਗਿੱਛ ਕਰਦੇ ਰਹਿਣ।
9. ਕਿਸੇ ਵੀ ਵਿਦਿਆਰਥੀ ਨੂੰ ਇਹ ਆਗਿਆ ਨਹੀਂ ਹੈ ਕਿ ਉਹ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਕਾਲਜ ਵਿੱਚ ਲੈ ਕੇ ਆਉਣ । ਅਜਿਹੀ ਸੂਰਤ ਵਿੱਚ ਸਬੰਧਿਤ ਵਿਦਿਆਰਥੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

## ਵਜ਼ੀਫੇ:

ਕਾਲਜ ਵਿੱਚ ਵਿਦਿਆਰਥੀ ਨੂੰ ਪੰਜਾਬ ਸਰਕਾਰ/ਪੰਜਾਬ ਯੂਨੀਵਰਸਿਟੀ/ਬੋਰਡ ਵੱਲੋਂ ਹਰ ਸਾਲ ਹੇਠ ਲਿਖੇ ਵਜ਼ੀਫੇ ਅਤੇ

ਰਿਆਇਤਾਂ ਮਿਲਦੀਆਂ ਹਨ। ਸਰਕਾਰ ਦੇ ਫੈਸਲੇ ਮੁਤਬਿਕ ਕੋਈ ਵਜ਼ੀਫਾ ਵਾਪਿਸ ਲਿਆ ਜਾ ਸਕਦਾ ਹੈ।

1. ਯੂਨੀਵਰਸਿਟੀ ਵਜ਼ੀਫੇ, ਜੋ ਪੰਜਾਬ ਯੂਨੀਵਰਸਿਟੀ ਵੱਲੋਂ ਮੈਰਿਟ ਦੇ ਆਧਾਰ ਤੇ ਮਿਲਦੇ ਹਨ।
2. ਪੰਜਾਬ ਸਿੱਖਿਆ ਵਿਭਾਗ ਦੇ ਵਜ਼ੀਫੇ ਜੋ ਪੰਜਾਬ ਸਰਕਾਰ ਵੱਲੋਂ ਮੈਰਿਟ ਦੇ ਆਧਾਰ ਤੇ ਮਿਲਦੇ ਹਨ।
3. ਨੈਸ਼ਨਲ ਸਕਾਲਰਸ਼ਿਪ, ਜੋ ਕੇਂਦਰ ਸਰਕਾਰ ਵੱਲੋਂ ਮੈਰਿਟ ਦੇ ਆਧਾਰ ਤੇ ਮਿਲਦੇ ਹਨ।
4. ਪੱਟੀਦਾਰ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਲਈ ਵਜ਼ੀਫੇ ਜੋ ਭਾਰਤ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ।
5. ਰਾਜ ਸਰਕਾਰ ਵੱਲੋਂ ਹਰੀਜਨਾਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਵਜ਼ੀਫੇ।
6. ਨੈਸ਼ਨਲ ਲੋਨ ਸਕਾਲਰਸ਼ਿਪ ਜੋ ਕਿ 50% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਮੈਰਿਟ ਦੇ ਆਧਾਰ ਤੇ ਮਿਲਦਾ ਹੈ।
7. ਰਾਜਨੀਤਕ ਪੀੜਤਾਂ ਦੇ ਬੱਚਿਆਂ ਲਈ ਗਰਾਂਟ, ਵਜ਼ੀਫੇ ਅਤੇ ਹੋਰ ਸਿੱਖਿਆ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।
8. ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ/ਵਿਮੁਕਤ ਜਾਤੀਆਂ ਅਤੇ ਆਮਦਨ ਗਰੁੱਪ ਤੇ ਵਿਦਿਆਰਥੀਆਂ ਨੂੰ ਕਾਲਜ ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਲਈ ਜੋ ਸਹਾਇਤਾ ਦਿੱਤੀ ਜਾਂਦੀ ਹੈ ਉਹ ਹੇਠ ਲਿਖੇ ਅਨੁਸਾਰ ਹੈ:-

## ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ:

(ਪੱਕੀ ਰਿਹਾਇਸ਼ ਲਈ ਰਾਸ਼ਨ ਕਾਰਡ ਦੀ ਕਾਪੀ ਲਗਣੀ ਜਰੂਰੀ ਹੈ)

ਪੰਜਾਬ ਰਾਜ ਦੇ ਪੱਕੇ ਵਸਨੀਕ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਜੋ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਪੋਸਟ ਮੈਟ੍ਰਿਕ/ਸੈਕੰਡਰੀ ਸਟੇਜ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ ਨੂੰ ਇਸ ਸਕੀਮ ਅਧੀਨ ਵਜ਼ੀਫੇ ਮਨਜ਼ੂਰ ਕੀਤੇ ਜਾਂਦੇ ਹਨ। ਵਿਦਿਆਰਥੀ ਦੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਆਮਦਨ 250000/- ਰੁ: ਸਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ। *ਐਸ.ਸੀ. ਵਿਦਿਆਰਥੀ ਵਜੀਫਾ ਲੈਣ ਲਈ 250000/- ਤੋਂ ਘੱਟ ਆਮਦਨ ਦਾ ਐਫੀਡੇਵਿਟ ਦਾਖਲੇ ਵੇਲੇ ਦੇਣਗੇ। ***ਐਸ.ਸੀ. ਵਿਦਿਆਰਥੀ ਆਪਣੇ ਨਾਂ ਤੇ ਬੈਂਕ ਖਾਤਾ ਖੁਲਵਾਕੇ ਅਤੇ ਉਸਨੇ ਆਧਾਰ ਕਾਰਡ ਨਾਲ ਜੋੜਕੇ ਉਸਦੀ ਕਾਪੀ ਦਾਖਲੇ ਵੇਲੇ ਹੀ ਫਾਰਮ ਦੇ ਨਾਲ ਲਗਾਏਗਾ।**

## ਵਿਮੁਕਤ ਜਾਤੀਆਂ ਲਈ ਵਜ਼ੀਫਾ ਸਕੀਮ:

ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਵਿਮੁਕਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਜਾਂ ਚੰਡੀਗੜ੍ਹ ਵਿੱਚ ਸਥਿਤ ਕਾਲਜਾਂ ਵਿੱਚ ਪੜ੍ਹਦੇ ਹੋਣ ਨੂੰ ਵਜ਼ੀਫੇ ਦਿੱਤੇ ਜਾਣਗੇ। ਬਸ਼ਰਤੇ ਕਿ ਅਜਿਹੇ ਕੇਸਾਂ ਵਿੱਚ ਪਰਿਵਾਰ ਦੀ ਸਲਾਨਾ ਆਮਦਨ 5000/- ਰੁ: ਤੋਂ ਵੱਧ ਨਾ ਹੋਵੇ ਅਤੇ ਜਮੀਨ ਦੀ ਮਾਲੀਆਂ 1000/- ਰੁ: ਸਾਲਾਨਾ ਤੋਂ ਵੱਧ ਨਾ ਹੋਵੇ। ਅਨੁਸੂਚਿਤ ਜਾਤੀਆਂ ਲਈ ਵਜ਼ੀਫਾ ਸਕੀਮ:ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ, ਜਿੰਨ੍ਹਾਂ ਦੇ ਮਾਪੇ/ਸਰਪ੍ਰਸਤ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਚੰਡੀਗੜ੍ਹ ਵਿੱਚ ਸਥਿਤ ਕਾਲਜ ਵਿੱਚ ਪੜ੍ਹਦੇ ਹੋਣ, ਲਈ ਵਿਸ਼ੇਸ਼ ਗਰਾਂਟ ਮਨਜੂਰ ਕੀਤੀ ਜਾਂਦੀ ਹੈ। ਬਸ਼ਰਤੇ ਕਿ ਇਨ੍ਹਾਂ ਕੇਸਾਂ ਵਿੱਚ ਪਰਿਵਾਰ ਦੀ ਸਲਾਨਾ ਆਮਦਨ 250000/- ਰੁ: ਤੋਂ ਵੱਧ ਨਾ ਹੋਵੇ।

## ਫੁਟਕਲ ਵਜ਼ੀਫੇ:

1. ਉੱਚ ਕੋਟੀ ਦੇ ਖਿਡਾਰੀਆਂ ਨੂੰ ਸਟੇਟ ਅਤੇ ਕੇਂਦਰ ਸਰਕਾਰ ਵੱਲੋਂ ਵਜ਼ੀਫੇ ਦਿੱਤੇ ਜਾਂਦੇ ਹਨ।
2. ਪੰਜਾਬ ਵਕਫ ਬੋਰਡ ਵੱਲੋਂ ਵਜ਼ੀਫੇ ਦਿੱਤੇ ਜਾਂਦੇ ਹਨ।

3. ਅੰਗਹੀਣ ਵਿਦਿਆਰਥੀਆਂ ਨੂੰ ਕੇਂਦਰ ਸਰਕਾਰ ਵੱਲੋਂ ਵਜ਼ੀਫੇ ਦਿੱਤੇ ਜਾਂਦੇ ਹਨ।
ਘੱਟ ਗਿਣਤੀ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਲਈ ਵਜੀਫੇ:
ਘੱਟ ਗਿਣਤੀ ਵਰਗਾਂ ਦੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਲਈ ਉਤਸ਼ਾਹਿਤ ਕਰਨ ਲਈ, ਸਰਕਾਰ ਵੱਲੋਂ ਵਜੀਫੇ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਕੈਟਾਗਰੀ ਵਿੱਚ ਸਿੱਖਾਂ, ਇਸਾਈਆਂ, ਬੋਧੀਆਂ ਅਤੇ ਮੁਸਲਮਾਨਾਂ ਨਾਲ ਸੰਬੰਧਿਤ ਵਿਦਿਆਰਥੀ ਸ਼ਾਮਲ ਹਨ।

## ਟਿਊਟੋਰੀਅਲ ਗੁਰੱਪ:

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਨੇੜਤਾਂ ਅਤੇ ਸਾਂਝ ਵਧਾਉਣ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵਿਚਾਰ ਵਟਾਂਦਰੇ ਲਈ ਟਿਊਟੋਰੀਅਲ ਗਰੁੱਪ ਬਣਾਏ ਜਾਂਦੇ ਹਨ। ਜਿਸ ਰਾਹੀਂ ਅਨੇਕ ਪੱਖਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

## ਮਾਪੇ ਅਧਿਆਪਕ ਸੰਸਥਾ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਕਾਲਜ ਵਿੱਚ ਮਾਪੇ ਅਧਿਆਪਕ ਸੰਸਥਾ ਕਾਇਮ ਹੈ ।

## ਫੀਸਾਂ ਅਤੇ ਉਨ੍ਹਾਂ ਦੀ ਅਦਾਇਗੀ:

1. ਪੰਜਾਬ ਸਰਕਾਰ/ ਪੰਜਾਬ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਫੀਸ/ਫੰਡ ਵਿੱਚ ਕਿਸੇ ਅਗਾਂਊ ਸੂਚਨਾ ਤੋਂ ਬਗੈਰ ਵਾਧਾ ਹੋ ਸਕਦਾ ਹੈ।
2. ਫੀਸ ਲੈਣ ਬਾਰੇ ਸੂਚਨਾ ਨੋਟਿਸ ਬੋਰਡ ਉਪਰ ਲਗਾਈ ਜਾਂਦੀ ਹੈ। ਫੀਸਾਂ ਨਾ ਦੇਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ ਨਹੀਂ ਹੋਵੇਗੀ ।
3. ਕਿਸੇ ਵੀ ਸੂਰਤ ਵਿੱਚ ਨਾਂ ਕੱਟੇ ਜਾਣ ਦੀ ਤਾਰੀਖ ਦੇ 15 ਦਿਨਾਂ ਦੇ ਅੰਦਰ ਅੰਦਰ ਮੁੜ ਦਾਖਲਾ ਕਰਵਾਉਣਾ ਜ਼ਰੂਰੀ ਹੈ।
4. ਵਿਦਿਆਰਥੀ ਤੋਂ ਫੀਸਾਂ ਅਤੇ ਫੰਡਜ਼ ਡੀ.ਪੀ. ਆਈ. (ਕਾਲਜਾਂ) ਪੰਜਾਬ / ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਮੇਂ ਸਮੇਂ ਤੇ ਨਿਰਧਾਰਿਤ ਕੀਤੀ ਦਰ ਅਨੁਸਾਰ ਲਈ ਜਾਵੇਗੀ ।
5. ਵਿਦਿਆਰਥੀ ਜੋ ਵੀ ਅਦਾਇਗੀ ਕਰਦਾ ਹੈ, ਉਸਦੀ ਰਸੀਦ ਪ੍ਰਾਪਤ ਕਰ ਲਈ ਜਾਵੇ।

## ਵਿਸ਼ੇਸ਼ ਕਥਨ

ਫੀਸਾਂ ਅਤੇ ਯੂਨੀਵਰਸਿਟੀ ਫੰਡ,ਪੰਜਾਬ ਸਰਕਾਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਨਿਰਧਾਰਿਤ ਦਰਾਂ ਅਨੁਸਾਰ ਲਈਆਂ ਜਾਣਗੀਆਂ।
ਜੇਕਰ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਫੰਡਾਂ ਵਿੱਚ ਕੋਈ ਵੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਹ ਵਿਦਿਆਰਥੀਆਂ ਤੇ ਲਾਗੂ ਹੋਵੇਗੀ

## XVI ਐਂਟੀ ਰੈਗਿੰਗ ਚੇਤਾਵਨੀ

## *Join Hands So That This Temple Of Knowledge Remains Ragging Free*

### *What is Ragging ?*




Any act of physical or mental abuse (including bullying and exclusion) targeted at another student fresher of otherwise) on the ground of colour, race. religion, caste. ethnicity, gender (including transgender), sexual orientation, appearance, nationality. regional origins, linguistic identity. place of birth, place of residence or economic background.




### *Punishment of Ragging*

Depending upon the nature and gravity of the offence. the possible punishments for those found guilty of ragging at the institution level shall be any one or combination of the following

- Cancellation of admission
- Suspension from attending classes.
- Withholding scholarship/fellowship/results.
- Debarring from representing the institution in any regional
- National or international meet. tournament etc.
- Lodging FIR
- Prosecution for criminal offence.

After the admission in the college. it is compulsory for each student and every parent to submit an Online undertaking at **www.antiragging.in & www.amanmovement.org.** Students in distress due to ragging related incidents may call the National Anti ragging **Helpline 1800-180-5522 (240 Toll Free)** or email the Anti flagging Helpline at **helpline@antiragging.in** For any other information regarding ragging, please visit the UGC website **www.ugc.ac.in & www.antiragging.in** or contact UGC monitoring agency i.e. Aman Satya Kachroo Trust on Mobile No. 98711-7303, 098184-00116 (Only in case of emergency)

## ਰੈਗਿੰਗ ਸਬੰਧੀ ਸੂਚਨਾ :

ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆਂ ਵੱਲੋਂ ਰੈਗਿੰਗ ਦੀ ਪ੍ਰਥਾ ਨੂੰ ਇੱਕ ਅਪਰਾਧਿਕ ਕਾਰਵਾਈ ਘੋਸ਼ਿਤ ਕੀਤਾ ਜਾ ਚੁੱਕਾ ਹੈ। ਇਸ ਲਈ, ਜੇਕਰ ਕੋਈ ਵਿਦਿਆਰਥੀ ਇਸ ਅਪਰਾਧਿਕ ਕਾਰਵਾਈ ਵਿੱਚ ਸ਼ਾਮਿਲ ਪਾਇਆ ਜਾਂਦਾ ਹੈ, ਤਾਂ ਉਸਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਾਲਜ ਕੈਂਪਸ ਵਿੱਚ ਗੈਰ/ਬਾਹਰਲੇ ਵਿਦਿਆਰਥੀਆਂ ਦੇ ਪ੍ਰਵੇਸ਼ ਉਪਰ ਪੂਰਨ ਤੌਰ ਤੇ ਪਾਬੰਧੀ ਲਗਾਈ ਗਈ ਹੈ।ਜੇਕਰ ਕੋਈ ਅਜਿਹਾ ਵਿਅਕਤੀ/ ਵਿਦਿਆਰਥੀ ਕਾਲਜ ਕੈਂਪਸ ਦੀ ਸ਼ਾਂਤੀ ਭੰਗ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਕਾਲਜ ਦੀਆਂ ਗਤੀਵਿਧੀਆਂ












































# ਸਰਕਾਰੀ ਕਾਲਜ ਜ਼ੀਰਾ

# GOVT. COLLEGE ZIRA

**DISTT. FEROZEPUR**
**Ph.: 01682-250665**
**E-mail : gcz.fzr@gmail.com**
**Website : gczira.org**

Sigma PRINTERS
a unit of Manoj Stationery Mart, Cell : 98880-73338